# ਗੁਰੂ ਨਾਨਕ ਦੇਵ ਜੀ ਦਾ ਗੁਰਮੁਖ ਦਾ ਸੰਕਲਪ

ਡਾ. ਕੰਵਰ ਅਮਰਿੰਦਰ ਸਿੰਘ*

ਆਪਣੀ ਕਿਤਾਬ comparative study of religions ਦੀ ਭੂਮਿਕਾ ਵਿੱਚ Joachim wach ਦੇ ਇਕ ਨਜਰੀਏ ਦਾ ਜ਼ਿਕਰ ਹੈ। ਜਿਸ ਵਿੱਚ ਲਿਖਦਾ ਹੈ ਕਿ ਮਨੁੱਖ ਤਿੰਨ ਚੀਜਾਂ ਜਾਣਨ ਲਈ ਬਹੁਤ ਉਤਾਵਲਾ ਹੈ।

੧. Theology (ਪਰਮਾਤਮਾ ਦਾ ਸਰੂਪ)

੨. Cosmology (ਸੰਸਾਰ ਦੀ ਉਤਪਤੀ)

੩. Anthropology (ਮਨੁੱਖ ਦੀ ਹੋਣੀ ਸਬੰਧੀ)

ਮੇਰਾ ਨਿਜੀ ਵਿਚਾਰ ਹੈ ਕਿ ਇਹ ਤਿੰਨ ਚੀਜਾ ਕਿਸੇ ਵੀ ਧਰਮ ਨੂੰ ਸਮਝਣ ਵਿੱਚ ਪੂਰਨ ਰੂਪ ਵਿੱਚ ਸਹਾਈ ਹਨ। ਇਹਨਾਂ ਤੋ ਹੀ ਅਸੀ ਕਿਸੇ ਧਰਮ ਦੇ ਵੱਖ-ਵੱਖ ਸਿਧਾਂਤ ਸਮਝ ਸਕਦੇ ਹਾਂ। ਚਾਹੇ ਉਹ ਸੰਸਾਰ ਦੀ ਉਤਪੱਤੀ,ਕਿਸੇ ਧਰਮ ਵਿੱਚ ਪਰਮੇਸ਼ਵਰ ਦਾ ਸਰੂਪ ਅਤੇ ਤੁਲਨਾਤਮਕ, ਆਲੋਚਨਾਤਮਕ, ਅਧਿਆਤਮਕ ਅਤੇ ਸਮਾਜਿਕ ਪੱਖ ਹੀ ਹੋਵੇ । ਅੱਜ ਅਸੀ ਸਿੱਖ anthropology ਬਾਰੇ ਕੁਝ ਵਿਚਾਰ ਕਰਾਗੇ।

੧੪੬੯ ਨੂੰ ਕੱਤਕ ਦੀ ਪੂਰਨਮਾਸ਼ੀ ਨੂੰ ਮਹਿਤਾ ਕਾਲੂ ਜੀ ਦੇ ਮੁਬਾਰਕ ਘਰ ਵਿਖੇ ਇਕ ਜੋਤ ਪਰਗਟ ਹੁੰਦੀ ਹੈ। ਜਿਸ ਦਾ ਦੁਨਿਆਵੀ ਨਾਮ ਮਾਤਾ ਪਿਤਾ ਨੇ ਨਾਨਕ ਰੱਖਿਆ, ਭੈਣ ਨਾਨਕੀ ਦਾ ਛੋਟਾ ਵੀਰ ਨਾਨਕ। ਇਕ ਐਸੀ ਜੋਤ ਜਿਸ ਦੇ ਪ੍ਰਕਾਸ਼ਮਾਨ ਹੋਣ ਤੋ ਬਾਅਦ ਸਮਾਂ ਵੰਡਿਆ ਜਾਂਦਾ ਹੈ।

੧. ਗੁਰੂ ਨਾਨਕ ਤੋ ਪਹਿਲਾਂ

੨. ਗੁਰੂ ਨਾਨਕ ਤੋ ਬਾਅਦ

ਗੁਰੂ ਨਾਨਕ ਦੇਵ ਜੀ ਨੇ ਅਜਿਹੀ ਤਬਦੀਲੀ ਲਿਆਦੀ ਕਿ ਸਮਾਜ ਦਾ ਰੂਪ ਹੀ ਬਦਲ ਕਿ ਰੱਖ ਦਿੱਤਾ।ਗੁਰੂ ਨਾਨਕ ਦੇਵ ਦਾ ਅਗਮਨ ਕੋਈ ਸਾਧਾਰਨ ਘਟਨਾ ਨਹੀ ਸੀ। ਪ੍ਰਾਚੀਨ ਭਾਰਤੀ ਵਿਦਵਾਨਾ ਦੇ ਜੋ ਕਿਸੇ ਅਵਤਾਰੀ ਪੁਰਖ ਨੂੰ ਸਮਝਣ ਦੇ ਪੈਮਾਨੇ ਸਨ। ਜਿਵੇਂ ਕਿ :-

੧. ਅੰਸਾ ਅਵਤਾਰ

੨. ਨਿੱਤ ਅਵਤਾਰ

੩. ਨਮਿਤ ਅਵਤਾਰ

੪. ਕਲਾ ਅਵਤਾਰ

੫. ਅੰਦੇਸਾ ਅਵਤਾਰ ਆਦਿ

* BDS, House no. 1, Uttam Avanue, Sultanwind, Amritsar.

ਗੁਰੂ ਨਾਨਕ ਸਾਹਿਬ ਇਹਨਾਂ ਤੋ ਬਹੁਤ ਉਪਰ ਸਨ।ਉਹ ਸੰਪੂਰਨ ਅਵਤਾਰ ਸਨ। ਅਵਤਾਰ ਤੋ ਭਾਵ ਦੂਸਰਿਆ ਨੂੰ ਤਾਰਨ ਵਾਲਾ।ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਸਭ ਤੋ ਸਹੀ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ।

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

ਇਸ ਤੋ ਇਲਾਵਾ ਭਾਈ ਸਾਹਿਬ ਜੀ ਨੇ ਗੁਰੂ ਸਾਹਿਬ ਦੇ ਆਗਮਣ ਨੂੰ ਸਿੰਘ ਗਰਜ ਦੇ ਸਮਾਨ ਵੀ ਲਿਖਿਆ ਹੈ।ਭਾਈ ਸਾਹਿਬ ਨੇ ਗੁਰੂ ਸਾਹਿਬ ਦੀ ਜੋ ਤੁਲਨਾ ਕੀਤੀ ਹੈ ਉਹ ਅਨੋਖੀ ਹੈ ਅਤੇ ਗੁਰੂ ਸਾਹਿਬ ਦੀ ਨਿਆਰੀ ਹਸਤੀ ਨੂੰ ਰੂਪਮਾਨ ਕਰਦੀ ਹੈ।

ਜਿਸ ਤਰ੍ਹਾਂ ਸਮਾਜ ਵਿੱਚ ਫੈਲੇ ਵਿਕਾਰਾਂ ਦੇ ਹਨੇਰੇ ਨੂੰ ਦੂਰ ਕਰਨ ਲਈ ਜੋ ਕੋਸ਼ਿਸ਼ਾਂ ਸਨ ਉਹ ਛੋਟੇ ਮੋਟੇ ਤਾਰਿਆ ਦੀ ਤਰ੍ਹਾਂ ਸਨ। ਜੋ ਭਾਵੇ ਆਪ ਤਾਂ ਚਾਨਣ ਵਿਚ ਸਨ ਪਰ ਉਹ ਵਿਕਾਰਾਂ ਦੀ ਰਾਤ ਨੂੰ ਦੂਰ ਕਰਨ ਵਿਚ ਸਮਰੱਥ ਨਹੀ ਸਨ। ਗੁਰੂ ਨਾਨਕ ਦੇਵ ਜੀ ਦਾ ਆਗਮਨ ਇਕ ਸੂਰਜ ਦੀ ਤਰ੍ਹਾਂ ਸੀ। ਜਿਸ ਦੀ ਰੋਸ਼ਨੀ ਦੇ ਸਾਹਮਣੇ ਵਿਕਾਰ ਰੂਪੀ ਰਾਤ ਟਿਕੀ ਹੀ ਨਹੀ ਬਲਕਿ ਛੋਟੇ ਛੋਟੇ ਤਾਰੇ ਵੀ ਛਿਪ ਗਏ ਸਨ। ਸਮੇਂ ਨੂੰ ਗੁਰੂ ਸਾਹਿਬ ਤੋ ਪਹਿਲਾ ਅਤੇ ਬਾਅਦ ਵਿਚ ਵੰਡਣ ਦਾ ਕਾਰਨ ਗੁਰੂ ਸਾਹਿਬ ਦੇ ਮਨੁੱਖੀ ਚੇਤਨਾ ਤੇ ਪਾਏ ਪ੍ਰਭਾਵ ਨੂੰ ਸਮਝਣ ਵਿੱਚ ਸਹਾਈ ਹੋਵੇਗਾ।

ਨਾਨਕ ਨਿਰਮਲ ਪੰਥ ਚਲਾਇਆ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਅਤੇ ਨਿਰਾਲੇ ਧਰਮ ਦੀ ਸਥਾਪਨਾ ਕੀਤੀ।ਗੁਰੂ ਨਾਨਕ ਦੇਵ ਜੀ ਦਾ ਪੰਥ ਨਿਰਾਲਾ ਇਸ ਲਈ ਸੀ ਕਿਉਕਿ ਉਹ ਆਚਰਣ ਉੱਤੇ ਕੇਂਦਰਿਤ ਸੀ।ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮਨੁੱਖ ਪਦਾਰਥਾਂ ਵਿਚ ਗ੍ਰਸਿਆ ਹੋਇਆ ਸੀ।ਮਨੁੱਖ ਨੂੰ ਲੱਗਦਾ ਸੀ ਕਿ ਉਹ ਪਦਾਰਥ ਭੋਗ ਰਿਹਾ ਹੈ ਪਰ ਹੋ ਬਿਲਕੁਲ ਇਸ ਦੇ ਉਲਟ ਰਿਹਾ ਸੀ।

ਭਾਈ ਗੁਰਦਾਸ ਜੀ ਦੀ ਰਚਨਾ ਧਿਆਨ ਨਾਲ ਸਮਝਣ ਦੀ ਕੋੱਸ਼ਿਸ਼ ਕਰੀਏ ਤਾਂ ਪਤਾ ਲੱਗਦਾ ਹੈ ਉਸ ਵਿਚ ਧਰਮ ਸ਼ਾਸਤਰ, ਤੁਲਨਾਤਮਿਕ ਅਧਿਐਨ, ਸਮਾਜ ਸ਼ਾਸਤਰ, ਦਰਸ਼ਨ,ਇਤਿਹਾਸ ਰਾਜਨੀਤੀ ਸਭ ਦਾ ਸੁਮੇਲ ਹੈ । ਇਸ ਸਭ ਨੂੰ ਲਿਖਣ ਦਾ ਮਨੋਰਥ ਕੇਵਲ ਇਹ ਹੈ ਕਿ ਦੁਨੀਆਵੀਂ ਪਦਾਰਥਾ ਅਤੇ ਵਿਚਾਰਾ ਵਿਚ ਫਸੇ ਮਨੁੱਖ ਨੂੰ ਗੁਰਮੁਖ ਦੀ ਪਦਵੀ ਤੱਕ ਲੈ ਕੇ ਜਾਣਾ।

ਵਿਦਵਾਨ ਸੱਜਣ ਭਾਵੇ ਅਧਿਐਨ ਦੇ ਵੇਲੇ ਇਹਨਾਂ ਨੂੰ ਅਲੱਗ ਅਲੱਗ ਲੈ ਕੇ ਕੰਮ ਕਰਦੇ ਹਨ। ਪਰ ਹਰ ਚੰਗੇ ਜਾ ਮਾੜੇ ਵਿਅਕਤੀ ਦਾ ਜੋ ਵੀ ਸਮਾਜਿਕ,ਰਾਜਨੀਤਿਕ,ਇਤਿਹਾਸਿਕ ਪ੍ਰਭਾਵ ਹੁੰਦਾ ਹੈ। ਉਸ ਦੀ ਮਨੋਦਸ਼ਾ ਤੇ ਨਿਰਭਰ ਹੈ।
ਮਾਨਸਿਕ ਚੇਤਨਾ ਨੂੰ ਸੰਪੂਰਨਤਾ ਵਲ ਲੈ ਕੇ ਜਾਣਾ ਇਹੋ ਹੀ ਸਿੱਖੀ ਦੀ ਪਰਿਭਾਸ਼ਾ ਹੈ।
ਗੁਰੁ ਨਾਨਕ ਸਾਹਿਬ ਦੀ ਘਾੜਤ ਹੈ ਮਨਮੁਖ ਤੋਂ ਗੁਰਮੁਖ । ਗੁਰਮੁਖ ਭਾਵ ਜੋ ਗੁਰੁ ਦੀ ਬਖਸ਼ਿਸ਼ ਦਾ ਪਾਤਰ ਬਣ ਸਕੇ।
ਗੁਰਮੁਖ- ਗੁਰੂ ਦੇ ਮੁੱਖ ਤੋ ਨਿਕਲੀ ਸਿੱਖਿਆ ਉਪਰ ਚੱਲਣ ਅਤੇ ਆਪਣੇ ਜੀਵਨ ਨੂੰ ਗੁਰੂ ਸ਼ਬਦ ਅਨੁਸਾਰ ਢਾਲਣ ਵਾਲਾ।

ਗੁਰੁ ਨਾਨਕ ਦੇਵ ਜੀ ਨੇ ਜਿਸ ਨਿਰਾਲੇ ਧਰਮ ਦੀ ਨੀਹ ਰੱਖੀ ਉਹ ਆਤਮਵਾਦੀ ਨਹੀ ਸੀ। ਆਤਮਵਾਦ ਤਰਕ ਦੀ ਵਰਤੋਂ ਰਾਹੀ ਆਤਮਾ ਦੀ ਹੋਂਦ ਨੂੰ ਸਾਬਿਤ ਕਰਨ ਤੇ ਕੇਂਦਰਿਤ ਹੈ। ਉਸ ਦਾ ਮਨੋਰਥ ਮੁੱਖ ਰੂਪ ਵਿਚ ਲੋਕਾਂ ਨੂੰ ਆਸਤਿਕ ਬਨਾਉਣਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਹੋਂਦ ਨੂੰ ਸਥਾਪਿਤ ਕਰਨ ਦੀ ਦਲੀਲ ਨਹੀ ਦਿੱਤੀ । ਉਹ ਤਾਂ ਸਭ ਤੋ ਪਹਿਲਾ ਉਸ ਦੀ ਮੌਜੂਦਗੀ ਸਵੀਕਾਰ ਕਰਦੇ ਹਨ ਅਤੇ ਤੁਰਦੇ ਹਨ। ਹੋਂਦ ਨੂੰ ਮੰਨਣਾ ਤਾ ਨਿਗੁਣੀ ਗੱਲ ਹੈ । ਰੱਬ ਦੀ ਹੋਂਦ ਬਾਰੇ ਜੋ ਗੱਲ ਮਹਾਰਾਜ ਨੇ ਕੀਤੀ ਉਹ ਅਨੁਭਵ ਹੈ। ਜਦ ਮਨੁੱਖ ਅਨੁਭਵ ਕਰ ਲੈਦਾ ਹੈ ਤਾਂ ਉਸ ਲਈ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀ ਰਹਿੰਦੀ। ਗੁਰੁ ਨਾਨਕ ਜੀ ਨੇ ਗੁਰਮੁਖ ਦੀ ਘਾੜਤ ਲਈ ਜਿਸ ਧਰਮ ਦੀ ਰੀਤ ਚਲਾਈ ਉਸ ਵਿੱਚ ਕਿਸੇ ਵੀ ਦੇਵੀ, ਦੇਵਤਾ, ਕਰਮਕਾਂਡ ਦੀ ਕੋਈ ਜਗ੍ਹਾ ਨਹੀ ਸੀ।

ਗੁਰੁ ਨਾਨਕ ਸਾਹਿਬ ਨੇ ਆਪਣੀ ਚੇਤਨਾ ਦੇ ਅਨੁਭਵ ਦੇ ਸੱਚ ਨੂੰ ਸਰਬਕਾਲੀ ਅਤੇ ਸਰਬਕਾਲ ਮੁਕਤ ਵੀ ਦੱਸਿਆ ਹੈ।

"ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ  ਨਾਨਕ ਹੋਸੀ ਭੀ ਸਚੁ॥"

ਗੁਰੁ ਨਾਨਕ ਦੇਵ ਜੀ ਨੇ ਅਨੁਭਵ ਅਤੇ ਜੀਵਨ ਜਾਂਚ ਨੂੰ ਸਭ ਤੋ ਉਤਮ ਮੰਨਿਆ

"Truth is high but higher than truth is truthful living"

ਇਥੇ ਅਸੀ ਦੋ ਵਿਦਵਾਨਾਂ ਦਾ ਧਰਮ ਸਬੰਧੀ ਨਜ਼ਰੀਆ ਪੇਸ਼ ਕਰਦੇ ਹਾਂ।ਡਾਕਟਰ ਅਨਵਰ ਅਲੀਖਾਨ ਸੋਜ਼ (the study of religions the religious way) ਵਿੱਚ ਲਿਖ ਦੇ ਹਨ। ਧਰਮ ਇਹ ਅਜਿਹੀ ਸੰਸਥਾ ਹੈ ਜੋ ਸਮੁੱਚੇ ਮਨੁੱਖੀ ਇਤਿਹਾਸ ਮਨੁੱਖ ਨੂੰ ਆਤਮਕ ਉੱਨਤੀ ਅਤੇ ਮਜਬੂਤੀ ਵਲ  ਲੈ ਕੇ ਜਾਂਦੀ ਹੈ ਅਤੇ ਜਾਨਵਰਾਂ ਤੋਂ ਵੱਖ ਕਰਦੀ ਹੈ।

ਡਾਕਟਰ ਵਿਲੀਅਮ ਜੇਨਸ ਦਾ ਮੰਨਣਾ ਹੈ ਕਿ ਆਤਮਕ ਅਨੁਭਵ ਹੀ ਧਰਮ ਦੀ ਖੁਸ਼ਬੂ ਹੈ।ਉਸ ਦੀ ਪਹੁੰਚ ਅਨੁਭਵ ਵਾਦੀ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਧਰਮ ਕੇਵਲ ਕਰਮਕਾਂਡ ਅਤੇ ਰੀਤਿ ਰਿਵਾਜ ਬਣਕੇ ਰਹਿ ਗਿਆ ਸੀ। ਗੁਰੂ ਨਾਨਕ ਦੇਵ ਨੇ ਧਰਮ ਨੂੰ ਅੱਸਲ ਵਿੱਚ ਧਰਮ ਦੀ ਪਰਿਭਾਸ਼ਾ ਦਿੱਤੀ। ਗੁਰੂ ਜੀ ਦੇ ਅਨੁਸਾਰ ਧਰਮ ਕੋਈ ਪੂਜਾ ਦੀ ਵਿਧੀ ਨਹੀ ਬਲਕਿ ਜੀਵਨ ਜਿਉਣ ਦੀ ਜਾਂਚ ਹੈ।ਗੂਰੂ ਸਾਹਿਬ ਨੇ ਖੁਦ ਅਜਿਹਾ ਜੀਵਨ ਜੀਅ ਕੇ ਸਾਡੇ ਲਈ ਉਦਾਹਰਨ ਪੇਸ਼ ਕੀਤੀ।ਜਿਸ ਸਿੱਖ ਦਾ ਖਾਕਾ ਗੁਰੂ ਸਾਹਿਬ ਨੇ ਤਿਆਰ ਕੀਤਾ ਉਸ ਦੀ ਢੁੱਕਵੀ ਮਿਸਾਲ ਨ੍ਰਿਤ ਦੇ ਦੇਵਤਾ ਨਟਰਾਜ ਨਾਲ ਪੇਸ਼ ਕੀਤੀ ਜਾ ਸਕਦੀ ਹੈ। ਤੁਸੀਂ ਉਸ ਵਿੱਚ ਦੇਵਤਾ ਵੀ ਦੇਖਦੇ ਹੋ ਅਤੇ ਨਾਚ ਵੀ ਪਰ ਦੋਹਾਂ ਨੂੰ ਅਲੱਗ ਨਹੀ ਕਰ ਸਕਦੇ। ਠੀਕ ਉਸੇ ਤਰ੍ਹਾਂ ਗੁਰਮੁਖ ਤੁਹਾਨੂੰ ਮਨੁੱਖੀ ਸਰੀਰ ਤਾਂ ਦਿਸਦਾ ਹੈ ਪਰ ਧਰਮ ਅਤੇ ਪ੍ਰਮਾਤਮਾ ਦਾ ਪ੍ਰੇਮ ਉਸ ਤੋ ਵੱਖ ਨਹੀ ਕਰ ਸਕਦੇ।

ਗੁਰੂ ਨਾਨਕ ਦੇਵ ਜੀ ਨੇ ਜੋ ਸਮਾਜਿਕ ਕ੍ਰਾਂਤੀ ਲਈ ਮਨੁੱਖੀ ਘਾੜਤ ਘੜੀ ਉਸ ਵਿੱਚ ਉਹਨਾ ਨੇ ਪੁਰਾਣੀਆਂ ਗਲਤ ਮਨੌਤਾਂ ਨੂੰ ਚੁਨੌਤੀ ਦਿੱਤੀ। ਸਿਧਾਂ ਨੂੰ ਸਮਝਾਇਆ ਕੇ ਸਮਾਜ ਨੂੰ ਛੱਡ ਕੇ ਜੰਗਲ ਅਤੇ ਪਹਾੜ ਗਲਤ ਹੈ।ਇਹ ਕੰਮ ਆਪਣੀ ਜਿੰਮੇਵਾਰੀ ਤੋਂ ਭੱਜਣ ਵਾਂਗ ਹੈ। ਆਪ ਨੇ ਉਹਨਾਂ ਨੂੰ ਸਮਾਜ ਵਿੱਚ ਰਹਿ ਕੇ ਸਮਾਜਿਕ ਕੁਰੀਤੀਆਂ ਨਾਲ ਜੂਝਣ ਦਾ ਉਪਦੇਸ਼ ਦਿੱਤਾ। ਇਹ ਉਸ ਸਮੇ ਵਿੱਚ ਇਕ ਇਨਕਲਾਬੀ ਉਪਦੇਸ਼ ਸੀ।ਕਿਉਕਿ ਉਸ ਸਮੇ ਦੇ ਧਾਰਮਕ ਵਿਅਕਤੀ ਸੰਸਾਰ ਨੂੰ ਨਰਕ ਵਾਂਗ ਸਮਝ ਕੇ ਉਸ ਤੋ ਕਿਨਾਰਾ ਕਰੀ ਜਾਂਦੇ ਸਨ।ਗੁਰੂ ਸਾਹਿਬ ਨੇ ਉਹਨਾਂ ਨੂੰ ਇਕ ਜਿੰਮੇਵਾਰ ਮਨੁੱਖ ਬਨਣ ਦਾ ਉਪਦੇਸ਼ ਕੀਤਾ ਅਤੇ

ਸਭ ਨੂੰ ਨਾਲ ਲੈ ਕੇ ਚਲਣ ਦੀ ਰੀਤ ਚਲਾਈ ।ਇਹ ਉਸ ਸਮੇਂ ਦੇ ਸਾਧੂ ਸੰਤਾਂ ਨੂੰ ਉਪਦੇਸ਼ ਸੀ ਕਿ ਕੇਵਲ ਖ਼ੁਦ ਲਈ ਜਿਉਣਾ ਗ਼ਲਤ ਹੈ ਅਤੇ ਧਾਰਮਿਕ ਵਿਅਕਤੀ ਨੂੰ ਸ਼ੋਭਾ ਨਹੀ ਦਿੰਦਾ। ਇਸ ਦੇ ਨਾਲ ਹੀ ਗੁਰੂ ਨੇ ਸਿੱਖਾਂ ਨੂੰ ਸਵੈਮਾਣ ਨਾਲ ਜੀਣਾ ਸਿਖਾਇਆ ਅਤੇ ਮੰਗ ਕੇ ਖਾਣ ਵਾਲੇ ਮੰਗਤੇ ਬਣਾਉਣ ਦੀ ਥਾਂ ਤੇ ਹੱਥੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਅਤੇ ਆਪ ਵੀ ਕਰਤਾਰਪੁਰ ਸਾਹਿਬ ਕਿਰਤ ਕਰਦੇ ਰਹੇ। ਆਪ ਜੀ ਨੇ "ਘਾਲਿ ਖਾਏ ਕਿਛੁ ਹਥਹੁ ਦੇਇ" ਦੇ ਮਹਾਂ ਵਾਕ ਅਨੁਸਾਰ ਸਿੱਖਾ ਨੂੰ ਵੰਡਕੇ ਛਕਣ ਦਾ ਉਪਦੇਸ਼ ਦਿੱਤਾ। ਇਸ ਨੇ ਸਿੱਖ ਕੌਮ ਵਿੱਚ ਕਿਰਤ ਅਤੇ ਮਨੁੱਖਤਾ ਦੇ ਸੰਕਲਪ ਨੂੰ ਪੱਕਿਆ ਕੀਤਾ ਅਤੇ ਨਾਲ ਹੀ ਇਕ ਦੂਸਰੇ ਦੀ ਸਹਾਇਤ ਕਰਨ ਦੇ ਨਾਲ-ਨਾਲ ਸਿੱਖ ਨੂੰ ਗੈਰਤ ਮੰਦ ਵੀ ਬਣਾਇਆ।

ਗੁਰੂ ਸਾਹਿਬ ਨੇ ਜਿਸ ਗੁਰਮੁਖ ਦੀ ਘਾੜਤ ਘੜੀ ਉਹ ਨਾ ਤਾਂ ਹੰਕਾਰੀ ਸੀ ਅਤੇ ਨਾ ਅਵੇਸਲਾ ਬਲਕਿ ਆਤਮਿਕ ਤੌਰ ਤੇ ਚੇਤੰਨ ਸੀ। ਆਪ ਜੀ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਦਿੱਤਾ।

ਸਮੁੱਚੀ ਮਨੁੱਖਤਾ ਵਿੱਚ ਚੇਤਨਾ ਜਗਾਉਣ ਲਈ ਆਪ ਜੀ ਨੇ ਚਾਰ ਉਦਾਸੀਆਂ ਕੀਤੀਆਂ।ਪੂਰੀ ਮਾਨਵਤਾ ਇਤਿਹਾਸ ਵਿੱਚ ਇਹ ਪਹਿਲੀ ਅਜਿਹੀ ਘਟਨਾ ਸੀ। ਇਸ ਤੋਂ ਪਹਿਲਾ ਕਦੇ ਕਿਸੇ ਵੀ ਪਗ਼ੰਬਰ ਨੇ ਜਾਂ ਸਾਧੂ ਸੰਤ ਨੇ ਮਨੁੱਖੀ ਆਤਮਾ ਨੂੰ ਹਲੂਣਾ ਦੇਣ ਲਈ ਇਹਨੀ ਲੰਬੀ ਯਾਤਰਾ ਨਹੀਂਕੀਤੀ। ਇਸ ਵਿੱਚ ਵੀ ਖਾਸ ਗੱਲ ਇਹ ਹੈ ਕਿ ਇਹ ਉਦਾਸੀਆਂ ਕਿਸੇ ਨੂੰ ਈਨ ਮਨਾਉਣ ਲਈ ਨਹੀ ਸਨ ਅਤੇ ਨਾ ਹੀ ਕਿਸੇ ਨੂੰ ਆਪਣਾ ਚੇਲਾ ਜਾਂ ਮੁਰੀਦ ਬਣਾਉਣ ਲਈ। ਇਹਨਾ ਉਦਾਸੀਆ ਦਾ ਕੇਵਲ ਤੇ ਕੇਵਲ ਇਕ ਮਕਸਦ ਸੀ ਵਿਕਾਰ ਅਤੇ ਲੋਭ ਛੱਡ ਕੇ ਪ੍ਰਮਾਤਮਾ ਦੀ ਬੰਦਗੀ ਅਤੇ ਸ਼ੁੱਭ ਕਰਮਾਂ ਦਾ ਉਪਦੇਸ਼ ਦੇਣਾ ।ਗੁਰੂ ਸਾਹਿਬ ਨੇ ਕਿਸੇ ਵੀ ਧਰਮ ਦਾ ਵਿਰੋਧ ਨਹੀਂ ਕੀਤਾ। ਆਪ ਜੀ ਨੇ ਤਾਂ ਫੁਰਮਾਇਆ

"ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ"

(ਉਸ ਵੇਲੇ ਮੁੱਖ ਰੂਪ ਹਿੰਦੂ ਅਤੇ ਇਸਲਾਮ ਧਰਮ ਸਨ)

ਆਪ ਜੀ ਨੇ ਦੋਹਾਂ ਨੂੰ ਹੀ ਸ਼ੁੱਭ ਅਮਲਾਂ ਨੂੰ ਅਪਨਾਉਣ ਲਈ ਕਿਹਾ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਜੁਲਮ ਦੇ ਖਿਲਾਫ ਡੱਟ ਕੇ ਅਵਾਜ ਬੁਲੰਦ ਕੀਤੀ ਅਤੇ ਹੋਰਾਂ ਨੂੰ ਵੀ ਡਟਣ ਦਾ ਉਪਦੇਸ਼ ਕੀਤਾ। ਇਸ ਦਾ ਸਬੂਤ ਬਾਬਰ ਬਾਣੀ ਦੇ ਰੂਪ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ। ਉਸ ਸਮੇ ਦੇ ਹਾਕਮਾਂ ਨੂੰ ਪਰਜਾ ਉਪਰ ਹੋ ਰਹੇ ਜੁਲਮ ਲਈ ਦੋਸ਼ੀ ਠਹਿਰਾਉਣਾ ਜਦ ਉਸ ਵਿਅਕਤੀ ਦਾ ਨਿਰੰਕੁਸ਼ ਰਾਜ ਹੁੰਦਾ ਸੀ।ਕੋਈ ਸਧਾਰਨ ਘਟਨਾ ਨਹੀ ਸੀ। ਇਸ ਘਟਨਾ ਨੇ ਦੱਬੇ ਕੁਚਲੇ ਲੋਕਾਂ ਨੂੰ ਅਜਿਹਾ ਹੌਸਲਾ ਦਿੱਤਾ ਕਿ ਉਹ ਬਾਅਦ ਵਿੱਚ ਜੁਲਮ ਖਿਲਾਫ ਉੱਠ ਖੜੇ ਹੋਏ ਅਤੇ ਮੁਗਲ ਸਾਮਰਾਜ ਦੀ ਨੀਂਹ ਪੁਟ ਦਿੱਤੀ। ਗੁਰੂ ਸਾਹਿਬ ਪਹਿਲੇ ਅਜਿਹੇ ਪੈਗੰਬਰ ਸਨ ਜਿਹਨਾ ਨੇ ਮਨੁੱਖਾ ਜਨਮ ਦੇ ਮਹੱਤਵ ਦੇ ਨਾਲ - ਨਾਲ ਸਮਾਜਿਕ ਜਿੰਮੇਵਾਰੀ ਨੂੰ ਸਮਝਦੇ ਹੋਏ ਜਬਰ ਜੁਲਮ ਖਿਲਾਫ ਡਟਣ ਦਾ ਹੌਸਲਾ ਕੀਤਾ।ਇਹ ਉਹ ਵੇਲਾ ਸੀ ਜਦ ਸਮੇ ਦੇ ਧਾਰਮਿਕ ਆਗੂ ਸਮੇ ਦੇ ਹਾਕਮਾਂ ਨਾਲ ਰਲਕੇ ਲੁੱਟ ਕਰ ਰਹੇ ਸਨ। ਆਮ ਲੋਕ ਆਤਮਿਕ ਤੌਰ ਤੇ ਬਿਲਕੁਲ ਟੁੱਟ ਚੁੱਕੇ ਸਨ। ਬਾਬਰ ਦੇ ਜੁਲਮ ਖਿਲਾਫ ਖੜੇ ਹੋ ਕੇ ਗੁਰੂ ਬਾਬਾ ਨੇ ਮੰਗਤਿਆਂ ਅਤੇ ਮਜਲੂਮਾਂ ਦਾ ਦੇਸ਼ ਬਣ ਚੁੱਕੇ ਖਿੱਤੇ ਵਿੱਚ ਨਵੀਂ ਰੂਹ ਫੂਕੀ । ਇਹ ਉਹ ਹਿੰਮਤ ਸੀ ਜਿਸ ਨੇ ਗੁਰਮੁਖ ਦੇ ਹੱਥ

ਆਈ ਤਲਵਾਰ ਨੂੰ ਕਿਰਪਾਨ ਬਣਾ ਦਿੱਤਾ। ਜਿਸ ਤਰ੍ਹਾਂ ਪਾਣੀ ਗਰਮ ਹੁੰਦਿਆ ਵੀ ਅੱਗ ਬੁਝਾਉਂਦਾ ਹੈ ਉਸੇ ਤਰ੍ਹਾਂ ਗੁਰਮੁਖ ਦੇ ਹੱਥ ਆਈ ਤਲਵਾਰ ਕਿਰਪਾਨ ਬਣਾ ਕੇ ਕ੍ਰਿਪਾ ਕਰਦੀ ਹੈ ਭਾਵ ਦੁਸ਼ਟਾਂ ਦਾ ਨਾਸ ਕਰਦੀ ਹੈ।

ਨਾਲ ਹੀ ਗੁਰੂ ਜੀ ਨੇ ਮਨੁੱਖ ਨੂੰ ਦੋ ਉਸ ਸਮੇ ਦੀਆਂ ਸਭ ਤੋਂ ਵੱਡੀਆਂ ਕੁਰੀਤੀਆਂ ਨੂੰ ਤਿਆਗਣ ਲਈ ਕਿਹਾ।ਇਹਨਾ ਵਿੱਚ ਇਕ ਸੀ ਸਮਾਜਿਕ ਅਸਮਾਨਤਾ ਅਤੇ ਔਰਤ ਦਾ ਤ੍ਰਿਸਕਾਰ। ਇਹ ਸਮਾਂ ਸੀ ਜਦ ਔਰਤ ਨੂੰ ਕੇਵਲ ਵਸਤੂ ਜਾਂ ਦਾਸੀ ਸਮਝਿਆ ਜਾਂਦਾ ਸੀ। ਕੁਝ ਤਾਂ ਔਰਤ ਨੂੰ ਨਰਕ ਦਾ ਦੁਆਰ ਵੀ ਕਹਿੰਦੇ ਸਨ। ਗੁਰੂ ਜੀ ਨੇ ਔਰਤ ਨੂੰ ਰਾਜੇ ਦੀ ਜਨਨੀ ਕਹਿਕੇ ਸਨਮਾਨ ਦਿੱਤਾ ਅਤੇ ਸਮਾਜ ਦੀ ਗ਼ਲਤ ਧਾਰਨਾ ਨੂੰ ਚੁਨੌਤੀ ਦਿੱਤੀ।

ਅੱਜ ਤੋ ੫੫੦ ਸਾਲ ਪਹਿਲਾ ਅਜਿਹਾ ਕੰਮ ਸਧਾਰਨ ਘਟਨਾ ਨਹੀ ਸੀ। ਬਿਨਾਂ ਸ਼ੱਕ ਔਰਤ ਦੇ ਹੱਕ ਵਿੱਚ ਅਤੇ ਸਨਮਾਨ ਲਈ ਚੁੱਕੀ ਗਈ ਸੰਸਾਰ ਦੀ ਪਹਿਲੀ ਅਵਾਜ ਸੀ।ਦੂਸਰਾ ਗੁਰੂ ਜੀ ਨੇ ਜਾਤੀ ਵਾਦ ਦਾ ਖੰਡਨ ਕੀਤਾ ਅਤੇ ਕੇਵਲ ਕਰਮ ਦੇ ਅਨੁਸਾਰ ਹੀ ਮਨੁੱਖ ਦੇ ਉਤਮ ਅਤੇ ਨੀਚ ਹੋਣ ਦੀ ਵਕਾਲਤ ਕੀਤੀ । ਭਾਈ ਲਾਲੋ ਜੀ ਦੇ ਘਰ ਜਾ ਕੇ ਅਤੇ ਮਲਿਕ ਭਾਗੋ ਦੇ ਭੋਜਨ ਨੂੰ ਤਿਆਗਕੇ ਗੁਰੂ ਜੀ ਨੇ ਸਮੇ ਦੇ ਧਰਮ ਆਗੂਆਂ ਦਾ ਪਾਜ ਉਘੇੜਨ ਦੇ ਨਾਲ – ਨਾਲ ਸੱਚ ਦੇ ਨਾਲ ਖੜਨ ਦਾ ਉਪਦੇਸ਼ ਕੀਤਾ । ਆਪ ਨੇ ਉਸ ਸਮੇ ਦੇ ਵਹਿਮਭਰਮ (ਸੂਤਕ ਆਦਿ) ਦਾ ਡੱਟਵਾਂ ਵਿਰੋਧ ਕੀਤਾ।

ਸਮਾਜ ਵਿੱਚ ਸ਼ੁੱਭ ਗੁਣ ਭਰਨ ਲਈ ਅਤੇ ਸਮਝਾਉਣ ਲਈ ਗੁਰੂ ਜੀ ਨੇ "ਆਸਾ ਦੀ ਵਾਰ" ਦੀ ਰਚਨਾ ਕੀਤੀ। ਜੋ ਜਿਥੇ ਅਧਿਆਤਮਕ ਰੂਪ ਵਿੱਚ ਸਾਡਾ ਮਾਰਗ ਦਰਸ਼ਨ ਕਰਦੀ ਹੈ ਉਥੇ ਸਮਾਜ ਵਿੱਚ ਵਿਚਰਨ ਲਈ ਵੀ ਰਾਹ ਦਸਦੀ ਹੈ ਅਤੇ ਇਹਨਾਂ ਸ਼ੁੱਭ ਗੁਣਾਂ ਦੇ ਬਾਵਜੂਦ ਕਿਤੇ ਹੰਕਾਰ ਨਾ ਆ ਜਾਵੇ ਗੁਰੂ ਜੀ ਨੇ ਸਿੱਖ ਨੂੰ ਨਿਮਰਤਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਹਰ ਵੇਲੇ ਪ੍ਰਮਾਤਮਾ ਦੀ ਯਾਦ ਵਿੱਚ ਰਹਿਣ ਲਈ ਕਿਹਾ ਅਤੇ ਕਰਤਾ ਭਾਵ ਤੋਂ ਮੁਕਤ ਹੋਣ ਲਈ ਕਿਹਾ। ਨਾਲ ਹੀ ਮਨ ਨੀਂਵਾ ਅਤੇ ਮੱਤ ਉਚੀ ਰੱਖਣ ਲਈ ਕਿਹਾ ਅਤੇ ਨਾਲ ਹੀ ਸਮਝਾਇਆ ਕਿ ਮਤ ਅਤੇ ਪਤ ਦੋਹਾ ਦਾ ਰਾਖਾ ਉਹ ਅਕਾਲਪੁਰਖ ਆਪ ਹੀ ਹੈ। ਸਿੱਖ ਤਾਂ ਕੇਵਲ ਸੇਵਕ ਹੈ। ਗੁਰੂ ਸਾਹਿਬ ਨੇ ਗੁਰਮੁਖ ਨੂੰ ਆਦਰਸ਼ ਮਨੁੱਖ ਬਨਣ ਲਈ ਪ੍ਰੇਰਿਆ ਜੋ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰਾ ਬਣ ਸਕੇ। ਗੁਰੂ ਜੀ ਨੇ ਦਇਆ, ਸੰਤੋਖ, ਜਤੁ ਅਤੇ ਸਤੁ ਅਜਿਹੇ ਗੁਣਾਂ ਦਾ ਧਾਰਨੀ ਹੋਣ ਲਈ ਕਿਹਾ।

ਇਸ ਸਭ ਦੇ ਨਾਲ ਮਹਾਰਾਜ ਨੇ ਇਕ ਨਵਾਂ ਸੰਕਲਪ ਵੀ ਦਿੱਤਾ ਉਹ ਸੀ "ਸੰਵਾਦ"। ਇਸ ਤੋ ਪਹਿਲਾਂ ਵੱਖ –ਵੱਖ ਧਰਮ ਦੇ ਲੋਕ ਤਾਂ ਕੀ? ਇਕ ਧਰਮ ਦੇ ਲੋਕ ਵੀ ਆਪਣੇ ਹੰਕਾਰ ਵਿੱਚ ਇਕ ਦੂਜੇ ਨੂੰ ਬੁਲਾਉਣਾ ਪਸੰਦ ਨਹੀ ਸਨ ਕਰਦੇ।ਗੁਰੂ ਜੀ ਨੇ ਆਪਣੇ ਅਨੁਭਵ ਨੂੰ ਵੰਡ ਕੇ ਅਤੇ ਇਕੱਠੇ ਹੋ ਕੇ ਮਨੁੱਖਤਾ ਦੀ ਸੇਵਾ ਕਰਨ ਲਈ ਪ੍ਰੇਰਿਆ।ਇਸ ਤਰ੍ਹਾਂ ਗੁਰੂ ਜੀ ਨੇ ਸਰਬ ਸਾਂਝੀਵਾਲਤਾ ਅਤੇ ਸਭ ਨੂੰ ਸਤਿਕਾਰ ਦੇਣਾ ਸਿਖਾਇਆ। ਗੁਰੂ ਸਾਹਿਬ ਦਾ ਸਾਜਿਆ ਮਨੁੱਖ ਮਨਮੁਖ ਤੋਂ ਉੱਪਰ ਉਠ ਕੇ ਗੁਰਮੁਖ ਦੀ ਉਪਾਧੀ ਤੱਕ ਪਹੁੰਚਦਾ ਹੈ। ਜੋ ਆਪਣੀ ਖੁਦਗਰਜੀ, ਵਿਕਾਰ, ਪਸ਼ੂ ਬਿਰਤੀ ਛੱਡ ਕੇ ਪੂਰਨ ਰੂਪ ਵਿੱਚ ਚੇਤੰਨ ਅਤੇ ਸੁਚੇਤ ਗੁਰਮੁਖ ਦੀ ਉਪਾਧੀ ਤੱਕ ਪਹੁੰਚਦਾ ਹੈ।

ਜਿਸ ਦੇ ਰੋਮ ਰੋਮ ਵਿੱਚ "ਸੁਭ ਕਰਮਨ ਤੇ ਕਬਹੂੰ ਨ ਟਰੋਂ" ਦੀ ਭਾਵਨਾ ਦਿਖਾਈ ਦਿੰਦੀ ਹੈ।

## ਹਵਾਲੇ ਤੇ ਟਿੱਪਣੀਆਂ


- Joachim Wach, *The Comparative Study of Religions*, New York: Columbia University Press, 1961.
- Daljeet Singh, *Sikhism: A Comparative Study of its Theology and Mystics*, Singh Brothers, 1994.
- Trilochan Singh, *Guru Nanak: Founder of Sikhism (A Bibliography)*, Delhi: Delhi Sikh Gurdwara Parbhandhak Committee, 2016 (1st Pub. 1969).
- Manmohan Singh, *Dharam da Vikas ate Gurmat*, Patiala: Punjabi University.
- *Nanak Prakash Patrika*, December 2014, Patiala: Punjabi university
- Wazir Singh, *Dharam Da Darshanik Pakh*, Patiala: Punjabi-University, 1999.
- Jaswant Singh Neki, *Ardas: Darsahn, Roop te Abhiyas,* Amritsar: Singh Brothers, 2012.
- *Ujagar singh, Gorakhbani Atey Nanakbani di Vichardhara da Tulnatmik Adhyayan, Panjab University, 1978.*
- Wazir Singh, *Nanak Baani Chintan*, Ludhiana: Lahore Book Shop.
- Gurbakhsh Singh Shant, *A Critical Study of Varan Bhai Gurdas*, Languages Department, Punjab, 1984.
- Satbir Singh, *Balio Chiraag: Life of Sri Guru Nanak Dev Ji*, Delhi: New Book Company, 2009.